He never leaves anything uselessly.

ਬਹੁਰਿ ਬਹੁਰਿ ; ਤਿਸੁ ਲਾਗਹ ਪਾਈ ॥੧॥ (ਪਾਂਈ ਬੋਲੋ) (੩੯੩-੭, ਆਸਾ, ਮਃ ੫)
Again and again, he falls at Almighty's Feet. ||1||

ਸਾਲ ਗਿਰਾਮੁ ; ਹਮਾਰੈ ਸੇਵਾ ॥ (੩੯੩-੮, ਆਸਾ, ਮਃ ੫)
Such is the Saalagraam, the stone idol, which I serve;

ਪੂਜਾ ਅਰਚਾ ; ਬੰਦਨ ਦੇਵਾ ॥੧॥ ਰਹਾਉ ॥ (੩੯੩-੮, ਆਸਾ, ਮਃ ੫)

such is my worship, flower-offerings and divine adoration as well. ||1||Pause||

ਘੰਟਾ ਜਾ ਕਾ ; ਸੁਨੀਐ ਚਹੁ ਕੁੰਟ ॥ (੩੯੩-੮, ਆਸਾ, ਮਃ ੫)

His bell resounds to the four corners of the world.

ਆਸਨੁ ਜਾ ਕਾ ; ਸਦਾ ਬੈਕੁੰਠ ॥ (੩੯੩-੯, ਆਸਾ, ਮਃ ੫)

His seat is forever in Sachkhand.

ਜਾ ਕਾ ਚਵਰੁ ; ਸਭ ਊਪਰਿ ਝੂਲੈ ॥ (੩੯੩-੯, ਆਸਾ, ਮਃ ੫)

His fan-brush, waves over all.

ਤਾ ਕਾ ਧੂਪੁ ; ਸਦਾ ਪਰਫੁਲੈ ॥੨॥ (੩੯੩-੯, ਆਸਾ, ਮਃ ੫)

His incense is ever-fragrant. ||2||

ਘਟਿ ਘਟਿ ਸੰਪਟੁ ਹੈ ; ਰੇ ਜਾ ਕਾ ॥ (੩੯੩-੧੦, ਆਸਾ, ਮਃ ੫)

He is treasured in each and every heart.

ਅਭਗ ਸਭਾ ; ਸੰਗਿ ਹੈ ਸਾਧਾ ॥ (੩੯੩-੧੦, ਆਸਾ, ਮਃ ੫)

The holy Saadh Sanggat, is His Eternal Court.

ਆਰਤੀ ਕੀਰਤਨੁ ; ਸਦਾ ਅਨੰਦ ॥ (੩੯੩-੧੦, ਆਸਾ, ਮਃ ੫)

His Aartee, his lamp-lit worship service, is the Kirtan of His Praises, which brings lasting bliss.

ਮਹਿਮਾ ਸੁੰਦਰ ; ਸਦਾ ਬੇਅੰਤ ॥੩॥ (੩੯੩-੧੦, ਆਸਾ, ਮਃ ੫)

His Greatness is so beautiful, and ever limitless. ||3||

ਜਿਸਹਿ ਪਰਾਪਤਿ ; ਤਿਸ ਹੀ ਲਹਨਾ ॥ (੩੯੩-੧੧, ਆਸਾ, ਮਃ ੫)

He alone obtains it, who is so pre-ordained;

ਸੰਤ ਚਰਨ ; ਓਹੁ ਆਇਓ ਸਰਨਾ ॥ (੩੯੩-੧੧, ਆਸਾ, ਮਃ ੫)

he takes to the Sanctuary of the Guru's Feet.

ਹਾਥਿ ਚੜਿਓ ; ਹਰਿ ਸਾਲ ਗਿਰਾਮੁ ॥ (੩੯੩-੧੧, ਆਸਾ, ਮਃ ੫)

I hold in my hands the Saalagraam of Almighty.

ਕਹੁ ਨਾਨਕ ; ਗੁਰਿ ਕੀਨੋ ਦਾਨੁ ॥੪॥੩੯॥੯੦॥ (੩੯੩-੧੨, ਆਸਾ, ਮਃ ੫)

Says Guru Nanak, the Guru has given me this Gift. ||4||39||90||

ਆਸਾ , ਮਹਲਾ ੫ ; ਪੰਚਪਦਾ੧ ॥ ('ਪੰਚ-ਪਦਾ' ਬੋਲੋ) (੩੯੩-੧੨)

Aasaa, Fifth Mahla, Panch-Pada:

Prologue: Guru Arjan Dev Ji utters the greatness of Naam (Almighty's Name) recitation before Almighty.

ਜਿਹ ਪੈਡੈ ; ਲੂਟੀ ਪਨਿਹਾਰੀ ॥ (੩੯੩-੧੨, ਆਸਾ, ਮਃ ੫)

That path (after life path), upon which the water-carrier liked being is plundered from his wealth of good deeds,

ਸੋ ਮਾਰਗੁ ; ਸੰਤਨ ਦੂਰਾਰੀ ॥੧॥ (੩੯੩-੧੩, ਆਸਾ, ਮਃ ੫)

that way is far removed from the Saints. ||1||

ਸਤਿਗੁਰ ਪੂਰੈ ; ਸਾਚੁ ਕਹਿਆ ॥ (੩੯੩-੧੩, ਆਸਾ, ਮਃ ੫)

The True Guru has spoken the Truth.

ਨਾਮ ਤੇਰੇ ਕੀ ਮੁਕਤੇ ਬੀਥੀ ;
ਜਮ ਕਾ ਮਾਰਗੁ ਦੂਰਿ ਰਹਿਆ ॥੧॥ ਰਹਾਉ ॥ (੩੯੩-੧੩, ਆਸਾ, ਮਃ ੫)

Your Name, O Almighty, is the Way to Salvation; the road of the Messenger of Death is far away. ||1||Pause||

ਜਹ ਲਾਲਚ ; ਜਾਗਾਤੀ ਘਾਟ ॥ (੩੯੩-੧੪, ਆਸਾ, ਮਃ ੫)

That place, where the greedy toll-collector (messenger of death) dwells to exchange the returns of desireful good (Sekam) deeds with the difficulties faced during after life path,

ਦੂਰਿ ਰਹੀ ; ਉਹ ਜਨ ਤੇ ਬਾਟ ॥੨॥ (੩੯੩-੧੪, ਆਸਾ, ਮਃ ੫)

that path remains far removed from Almighty's humble servant. ||2||

ਜਹ ਆਵਟੇ ; ਬਹੁਤ ਘਨ ਸਾਥ ॥ (ਆਵੱਟੇ ਬੋਲੋ) (੩੯੩-੧੫, ਆਸਾ, ਮਃ ੫)

There, where so very many caravans of men are caught,

ਪਾਰਬ੍ਰਹਮ ਕੇ , ਸੰਗੀ ਸਾਧ ॥੩॥ (੩੯੩-੧੫, ਆਸਾ, ਮਃ ੫)

the holy devotees remain with the Supreme Almighty. ||3||

ਚਿਤ੍ਰ ਗੁਪਤੁ ; ਸਭ ਲਿਖਤੇ ਲੇਖਾ ॥ (੩੯੩-੧੫, ਆਸਾ, ਮਃ ੫)

Chitra and Gupat, the recording angels of the conscious and the unconscious, write the accounts of all mortal beings,

ਭਗਤ ਜਨਾ ਕਉ ; ਦ੍ਰਿਸਟਿ ਨ ਪੇਖਾ ॥੪॥ (੩੯੩-੧੬, ਆਸਾ, ਮਃ ੫)

but they cannot even see Almighty's humble devotees. ||4||

ਕਹੁ ਨਾਨਕ ; ਜਿਸੁ ਸਤਿਗੁਰੁ ਪੂਰਾ ॥ (੩੯੩-੧੬, ਆਸਾ, ਮਃ ੫)

Says Guru Nanak, one whose True Guru is Perfect

ਵਾਜੇ ਤਾ ਕੈ ; ਅਨਹਦ ਤੂਰਾ ॥੫॥੪੦॥੯੧॥ (੩੯੩-੧੬, ਆਸਾ, ਮਃ ੫)

the unblown bugles of ecstasy vibrate for him. ||5||40||91||

ਆਸਾ ਮਹਲਾ ੫ ; ਦੁਪਦਾ ੧ ॥ ('ਦੁ-ਪਦਾ ਇਕ' ਬੋਲੋ) (੩੯੩-੧੭)

Aasaa, Fifth Mahla, Du-Pada 1:

ਸਾਧੂ ਸੰਗਿ ; ਸਿਖਾਇਓ ਨਾਮੁ ॥ (੩੯੩-੧੭, ਆਸਾ, ਮਃ ੫)

In the holy Saadh Sanggat, Almighty's Name (Naam) is learned;

ਸਰਬ ਮਨੋਰਥ ; ਪੂਰਨ ਕਾਮ ॥ (੩੯੩-੧੭, ਆਸਾ, ਮਃ ੫)

all desires and tasks are fulfilled.

ਬੁਝਿ ਗਈ ਤ੍ਰਿਸਨਾ ; ਹਰਿ ਜਸਹਿ ਅਘਾਨੇ ॥ (੩੯੩-੧੮, ਆਸਾ, ਮਃ ੫)

My thirst has been quenched, and I am satiated with Almighty's Praise.

ਜਪਿ ਜਪਿ ਜੀਵਾ ; ਸਾਰਿਗਪਾਨੇ ॥੧॥ (ਸਾਰਿਗ-ਪਾਨੇ ਬੋਲੋ) (੩੯੩-੧੮, ਆਸਾ, ਮਃ ੫)

I live by chanting and meditating upon the Almighty, the Sustainer of the earth. ||1||

ਕਰਨ ਕਰਾਵਨ ; ਸਰਨਿ ਪਰਿਆ ॥ (੩੯੩-੧੮, ਆਸਾ, ਮਃ ੫)

I have entered the Sanctuary of the Creator, the Cause of all causes.

ਗੁਰਪਰਸਾਦਿ ਸਹਜ ਘਰੁ ਪਾਇਆ ;
ਮਿਟਿਆ ਅੰਧੇਰਾ ਚੰਦੁ ਚੜਿਆ ॥੧॥ ਰਹਾਉ ॥ (੩੯੩-੧੯, ਆਸਾ, ਮਃ ੫)

By Guru's Grace, I have entered the home of celestial bliss. Darkness is dispelled, and the moon of wisdom has risen. ||1||Pause||

ਲਾਲ ਜਵੇਹਰ ; ਭਰੇ ਭੰਡਾਰ ॥ (੩੯੪-੧, ਆਸਾ, ਮਃ ੫)

My treasure-house is overflowing with rubies and jewels;

ਤੋਟਿ ਨ ਆਵੈ ; ਜਪਿ ਨਿਰੰਕਾਰ ॥ (੩੯੪-੧, ਆਸਾ, ਮਃ ੫)

I meditate on the Formless Almighty, and so they never run short.

ਅੰਮ੍ਰਿਤ ਸਬਦੁ ; ਪੀਵੈ ਜਨੁ ਕੋਇ ॥ (੩੯੪-੧, ਆਸਾ, ਮਃ ੫)

Rare is that humble being, who drinks in the Ambrosial Nectar of the Guru's Shabad (Gurbani).

ਨਾਨਕ ; ਤਾ ਕੀ ਪਰਮਗਤਿ ਹੋਇ ॥੨॥੪੧॥੯੨॥ (੩੯੪-੧, ਆਸਾ, ਮਃ ੫)

Guru Nanak says, he attains the state of highest dignity. ||2||41||92||

ਆਸਾ , ਘਰੁ ੭ ; ਮਹਲਾ ੫ ॥ (ਸੱਤਵਾਂ ਬੋਲੋ) (੩੯੪-੨)

Aasaa, Seventh House, Fifth Mahla:

ਹਰਿ ਕਾ ਨਾਮੁ ; ਰਿਦੈ ਨਿਤ ਧਿਆਈ ॥ (੩੯੪-੨, ਆਸਾ, ਮਃ ੫)

Focus continually on Almighty's Name within your heart.

ਸੰਗੀ ਸਾਥੀ ; ਸਗਲ ਤਰਾਂਈ ॥੧॥ (੩੯੪-੨, ਆਸਾ, ਮਃ ੫)

Thus you shall save all your companions and associates. ||1||

ਗੁਰੁ ਮੇਰੈ ਸੰਗਿ ; ਸਦਾ ਹੈ ਨਾਲੇ ॥ (੩੯੪-੩, ਆਸਾ, ਮਃ ੫)

My Guru is always with me, near at hand.

ਸਿਮਰਿ ਸਿਮਰਿ ; ਤਿਸੁ ਸਦਾ ਸਮ੍ਾਲੇ ॥੧॥ ਰਹਾਉ ॥ (੩੯੪-੩, ਆਸਾ, ਮਃ ੫)

Remembering Almighty with body and mind, I cherish Him forever. ||1||Pause||

ਤੇਰਾ ਕੀਆ ; ਮੀਠਾ ਲਾਗੈ ॥ (੩੯੪-੪, ਆਸਾ, ਮਃ ੫)

Your actions seem so sweet to me.

ਹਰਿ ਨਾਮੁ ਪਦਾਰਥੁ ; ਨਾਨਕੁ ਮਾਂਗੈ ॥੨॥੪੨॥੯੩॥ (੩੯੪-੪, ਆਸਾ, ਮਃ ੫)

Nanak begs for the treasure of Almighty's Name (Naam). ||2||42||93||

ਆਸਾ , ਮਹਲਾ ੫ ॥ (੩੯੪-੪)

Aasaa, Fifth Mahla:

ਸਾਧੂ ਸੰਗਤਿ ; ਤਰਿਆ ਸੰਸਾਰੁ ॥ (੩੯੪-੫, ਆਸਾ, ਮਃ ੫)

The world is saved by the company of Saints (Saadh Sanggat).

ਹਰਿ ਕਾ ਨਾਮੁ ; ਮਨਹਿ ਆਧਾਰੁ ॥੧॥ (੩੯੪-੫, ਆਸਾ, ਮਃ ੫)

Almighty's Name of is the Support of the mind. ||1||

ਚਰਨ ਕਮਲ ; ਗੁਰਦੇਵ ਪਿਆਰੇ ॥ (੩੯੪-੫, ਆਸਾ, ਮਃ ੫)

The Lotus Feet of the Divine Guru -

ਪੂਜਹਿ ਸੰਤ ; ਹਰਿ ਪ੍ਰੀਤਿ ਪਿਆਰੇ ॥੧॥ ਰਹਾਉ ॥ (੩੯੪-੬, ਆਸਾ, ਮਃ ੫)

The devotees adore them, and worship the Beloved Almighty. ||1||Pause||

ਜਾ ਕੈ ਮਸਤਕਿ ; ਲਿਖਿਆ ਭਾਗੁ ॥ (੩੯੪-੬, ਆਸਾ, ਮਃ ੫)

She who has such good destiny written upon her forehead,

ਕਹੁ ਨਾਨਕ ; ਤਾ ਕਾ ਥਿਰੁ ਸੋਹਾਗੁ ॥੨॥੪੩॥੯੪॥ (੩੯੪-੬, ਆਸਾ, ਮਃ ੫)

says Guru Nanak, is blessed with the eternal happy marriage with Almighty. ||2||43||94||

ਆਸਾ , ਮਹਲਾ ੫ ॥ (੩੯੪-੭)

Aasaa, Fifth Mahla:

ਮੀਠੀ ਆਗਿਆ ; ਪਿਰ ਕੀ ਲਾਗੀ ॥ (੩੯੪-੭, ਆਸਾ, ਮਃ ੫)

The Order of my Husband Almighty seems so sweet to me.

ਸਉਕਨਿ ਘਰ ਕੀ ; ਕੰਤਿ ਤਿਆਗੀ ॥ (੩੯੪-੭, ਆਸਾ, ਮਃ ੫)

My Husband Almighty has driven out the one who was my rival.

ਪ੍ਰਿਅ ਸੋਹਾਗਨਿ ; ਸੀਗਾਰਿ ਕਰੀ ॥ (੩੯੪-੮, ਆਸਾ, ਮਃ ੫)

My Beloved Husband has decorated me, His obedient soul-bride.

ਮਨ ਮੇਰੇ ਕੀ ਤਪਤਿ ; ਹਰੀ ॥੧॥ (੩੯੪-੮, ਆਸਾ, ਮਃ ੫)

He has quieted the burning thirst for worldly possessions within my mind. ||1||

ਭਲੋ ਭਇਓ ; ਪ੍ਰਿਅ ਕਹਿਆ ਮਾਨਿਆ ॥ (੩੯੪-੮, ਆਸਾ, ਮਃ ੫)

It is good that I submitted to the Will of my Beloved Almighty.

ਸੂਖੁ ਸਹਜੁ ; ਇਸੁ ਘਰ ਕਾ ਜਾਨਿਆ ॥ ਰਹਾਉ ॥ (੩੯੪-੯, ਆਸਾ, ਮਃ ੫)

I have realized celestial peace and poise within this home of mine. ||Pause||

ਹਉ ਬੰਦੀ ; ਪ੍ਰਿਅ ਖਿਜਮਤਦਾਰ ॥ (ਖਿਜਮਤ-ਦਾਰ ਬੋਲੋ) (੩੯੪-੯, ਆਸਾ, ਮਃ ੫)

I am the hand-maiden, the attendant of my Beloved Almighty.

ਓਹੁ ਅਬਿਨਾਸੀ ; ਅਗਮ ਅਪਾਰ ॥ (੩੯੪-੯, ਆਸਾ, ਮਃ ੫)

He is eternal and imperishable, inaccessible and infinite.

ਲੇ ਪਖਾ ; ਪ੍ਰਿਅ ਝਲਉ ਪਾਏ ॥ (ਪਾਂਏ ਬੋਲੋ) (੩੯੪-੧੦, ਆਸਾ, ਮਃ ੫)

Holding the fan, sitting at His Feet, I wave it over my Beloved.

ਭਾਗਿ ਗਏ ; ਪੰਚ ਦੂਤ ਲਾਵੇ ॥੨॥ (੩੯੪-੧੦, ਆਸਾ, ਮਃ ੫)

The five demons who tortured me have run away. ||2||

ਨਾ ਮੈ ਕੁਲੁ ; ਨਾ ਸੋਭਾਵੰਤ ॥ (ਸੋਭਾ-ਵੰਤ ਬੋਲੋ) (੩੯੪-੧੦, ਆਸਾ, ਮਃ ੫)

I am not from a noble family, and I am not beautiful.

ਕਿਆ ਜਾਨਾ ; ਕਿਉ ਭਾਨੀ ਕੰਤ ॥ (੩੯੪-੧੧, ਆਸਾ, ਮਃ ੫)

What do I know? Why am I pleasing to my Beloved?

ਮੋਹਿ ਅਨਾਥ ; ਗਰੀਬ ਨਿਮਾਨੀ ॥ (੩੯੪-੧੧, ਆਸਾ, ਮਃ ੫)

I am a poor orphan, destitute and dishonored.

ਕੰਤ ਪਕਰਿ ; ਹਮ ਕੀਨੀ ਰਾਨੀ ॥੩॥ (੩੯੪-੧੧, ਆਸਾ, ਮਃ ੫)

My Husband took me in, and made me His queen. ||3||

ਜਬ ਮੁਖਿ ; ਪ੍ਰੀਤਮੁ ਸਾਜਨੁ , ਲਾਗਾ ॥ (੩੯੪-੧੨, ਆਸਾ, ਮਃ ੫)

When I saw my Beloved's face before me,

ਸੂਖ ਸਹਜ ; ਮੇਰਾ ਧਨੁ ਸੋਹਾਗਾ ॥ (੩੯੪-੧੨, ਆਸਾ, ਮਃ ੫)

I became so happy and peaceful; my married life was blessed.

ਕਹੁ ਨਾਨਕ ; ਮੋਰੀ ਪੂਰਨ ਆਸਾ ॥ (੩੯੪-੧੨, ਆਸਾ, ਮਃ ੫)

Says Guru Nanak, my desires are fulfilled.

ਸਤਿਗੁਰ ਮੇਲੀ ; ਪ੍ਰਭ ਗੁਣਤਾਸਾ ॥੪॥੧॥੯੫॥ (੩੯੪-੧੩, ਆਸਾ, ਮਃ ੫)

The True Guru has united me with Almighty, the treasure of excellence. ||4||1||95||

ਆਸਾ , ਮਹਲਾ ੫ ॥ (੩੯੪-੧੩)

Aasaa, Fifth Mahla:

ਮਾਥੈ ਤ੍ਰਿਕੁਟੀ ; ਦ੍ਰਿਸਟਿ ਕਰੂਰਿ ॥ (੩੯੪-੧੩, ਆਸਾ, ਮਃ ੫)

A frown creases her forehead, and her look is evil.

ਬੋਲੈ ਕਉੜਾ ; ਜਿਹਬਾ ਕੀ ਫੂੜਿ ॥ (੩੯੪-੧੩, ਆਸਾ, ਮਃ ੫)

Her speech is bitter, and her tongue is rude.

ਸਦਾ ਭੂਖੀ ; ਪਿਰੁ ਜਾਨੈ ਦੂਰਿ ॥੧॥ (੩੯੪-੧੪, ਆਸਾ, ਮਃ ੫)

She is always hungry, and she believes her Husband to be far away. ||1||

ਐਸੀ ਇਸਤ੍ਰੀ ਇਕ ; ਰਾਮਿ ਉਪਾਈ ॥ (੩੯੪-੧੪, ਆਸਾ, ਮਃ ੫)

Such is Maya, which the One Almighty has created.

ਉਨਿ ਸਭੁ ਜਗੁ ਖਾਇਆ ;
ਹਮ , ਗੁਰਿ ਰਾਖੇ , ਮੇਰੇ ਭਾਈ ॥ ਰਹਾਉ ॥(੩੯੪-੧੫, ਆਸਾ, ਮਃ ੫)

She is devouring the whole world, but the Guru has saved me, O my Brother. ||Pause||

ਪਾਇ ਠਗਉਲੀ ; ਸਭੁ ਜਗੁ ਜੋਹਿਆ ॥ (੩੯੪-੧੫, ਆਸਾ, ਮਃ ੫)

Administering her poisons, she has overwhelmed the whole world.

ਬ੍ਰਹਮਾ ਬਿਸਨੁ ; ਮਹਾਦੇਉ ਮੋਹਿਆ ॥ (੩੯੪-੧੬, ਆਸਾ, ਮਃ ੫)

She has bewitched Brahma, Vishnu and Shiva.

ਗੁਰਮੁਖਿ ਨਾਮਿ ਲਗੇ ; ਸੇ ਸੋਹਿਆ ॥੨॥ (੩੯੪-੧੬, ਆਸਾ, ਮਃ ੫)

Only those Gurmukh (Guru-oriented) who are attuned to Almighty's Name (Naam) are blessed. ||2||

ਵਰਤ ਨੇਮ ਕਰਿ ਥਾਕੇ ; ਪੁਨਹਚਰਨਾ ॥ (ਪੁਨਹ-ਚਰਨਾ ਬੋਲੋ) (੩੯੪-੧੬, ਆਸਾ, ਮਃ ੫)

Performing fasts, religious observances and atonements, the mortals have grown weary.

ਤਟ ਤੀਰਥ ; ਭਵੇ ਸਭ ਧਰਨਾ ॥ (੩੯੪-੧੭, ਆਸਾ, ਮਃ ੫)

They wander over the entire planet, on pilgrimages to the banks of sacred rivers.

ਸੇ ਉਬਰੇ ; ਜਿ ਸਤਿਗੁਰ ਕੀ ਸਰਨਾ ॥੩॥ (੩੯੪-੧੭, ਆਸਾ, ਮਃ ੫)

But they alone are saved, who seek the Sanctuary of the True Guru. ||3||

ਮਾਇਆ ਮੋਹਿ ; ਸਭੋ ਜਗੁ ਬਾਧਾ ॥ (੩੯੪-੧੭, ਆਸਾ, ਮਃ ੫)

Attached to Maya, the whole world is in bondage.

ਹਉਮੈ ਪਚੈ ; ਮਨਮੁਖ ਮੂਰਾਖਾ ॥ (੩੯੪-੧੮, ਆਸਾ, ਮਃ ੫)

The foolish self-willed manmukh (ego-oriented) are consumed by their egotism.

ਗੁਰ ਨਾਨਕ ; ਬਾਹ ਪਕਰਿ ਹਮ ਰਾਖਾ ॥੪॥੨॥੯੬॥ (੩੯੪-੧੮, ਆਸਾ, ਮਃ ੫)

Taking me by the arm, Guru Nanak has saved me. ||4||2||96||

ਆਸਾ , ਮਹਲਾ ੫ ॥ (੩੯੪-੧੯)

Aasaa, Fifth Mahla:

ਸਰਬ ਦੂਖ ; ਜਬ ਬਿਸਰਹਿ ਸੁਆਮੀ ॥ (੩੯੪-੧੯, ਆਸਾ, ਮਃ ੫)

Everything is painful, when one forgets Master.

ਈਹਾ ਊਹਾ ; ਕਾਮਿ ਨ ਪ੍ਰਾਨੀ ॥੧॥ (੩੯੪-੧੯, ਆਸਾ, ਮਃ ੫)

Here and hereafter, such a mortal is useless. ||1||

ਸੰਤ ਤ੍ਰਿਪਤਾਸੇ ; ਹਰਿ ਹਰਿ ਧ੍ਯਾਇ ॥ ('ਧਿਆਇ' ਬੋਲੋ) (੩੯੪-੧੯, ਆਸਾ, ਮਃ ੫)

Saints are satisfied, concentrating on Almighty.

ਕਰਿ ਕਿਰਪਾ , ਅਪੁਨੈ ਨਾਇ ਲਾਏ ;
ਸਰਬ ਸੂਖ ਪ੍ਰਭ ਤੁਮਰੀ ਰਜਾਇ ॥ ਰਹਾਉ ॥ (੩੯੫-੧, ਆਸਾ, ਮਃ ੫)

Bestowing Your Mercy, Almighty, You attach us to Your Name; all peace comes by Your Will. ||Pause||

ਸੰਗਿ ਹੋਵਤ ਕਉ ; ਜਾਨਤ ਦੂਰਿ ॥
ਸੋ ਜਨੁ ਮਰਤਾ ; ਨਿਤ ਨਿਤ ਝੂਰਿ ॥੨॥ (੩੯੫-੧, ਆਸਾ, ਮਃ ੫)

Almighty is Ever-present; one who deems Him to be far away, dies again and again, repenting. ||2||

ਜਿਨਿ ਸਭੁ ਕਿਛੁ ਦੀਆ ; ਤਿਸੁ ਚਿਤਵਤ ਨਾਹਿ ॥ (੩੯੫-੨, ਆਸਾ, ਮਃ ੫)

The mortals do not remember the One, who has given them everything.

ਮਹਾ ਬਿਖਿਆ ਮਹਿ ; ਦਿਨੁ ਰੈਨਿ ਜਾਹਿ ॥੩॥ (੩੯੫-੨, ਆਸਾ, ਮਃ ੫)

Engrossed in such terrible corruption, their days and nights waste away. ||3||

ਕਹੁ ਨਾਨਕ ; ਪ੍ਰਭੁ ਸਿਮਰਹੁ ਏਕ ॥ (੩੯੫-੩, ਆਸਾ, ਮਃ ੫)

Says Guru Nanak, meditate in remembrance of the One Creator Almighty.

ਗਤਿ ਪਾਈਐ ; ਗੁਰ ਪੂਰੇ ਟੇਕ ॥੪॥੩॥੯੭॥ (੩੯੫-੩, ਆਸਾ, ਮਃ ੫)

Salvation is obtained, in the Shelter of the Perfect Guru. ||4||3||97||

ਆਸਾ , ਮਹਲਾ ੫ ॥ (੩੯੫-੪)

Aasaa, Fifth Mahla:

ਨਾਮੁ ਜਪਤ ; ਮਨੁ ਤਨੁ ਸਭੁ ਹਰਿਆ ॥ (੩੯੫-੪, ਆਸਾ, ਮਃ ੫)

Reciting Almighty's Name (Naam), the mind and body are totally rejuvenated.

ਕਲਮਲ ਦੋਖ ; ਸਗਲ ਪਰਹਰਿਆ ॥੧॥ (੩੯੫-੪, ਆਸਾ, ਮਃ ੫)

All sins and sorrows are washed away. ||1||

ਸੋਈ ਦਿਵਸੁ ਭਲਾ ; ਮੇਰੇ ਭਾਈ ॥ (੩੯੫-੫, ਆਸਾ, ਮਃ ੫)

How blessed is that day, O my Brother,

ਹਰਿ ਗੁਨ ਗਾਇ ; ਪਰਮਗਤਿ ਪਾਈ ॥ ਰਹਾਉ ॥ (ਪਰਮ-ਗਤਿ ਬੋਲੋ) (੩੯੫-੫, ਆਸਾ, ਮਃ ੫)

when the Glorious Praises of Almighty are sung, and the supreme status is obtained. ||Pause||

ਸਾਧ ਜਨਾ ਕੇ ; ਪੂਜੇ ਪੈਰ ॥ (੩੯੫-੫, ਆਸਾ, ਮਃ ੫)

Worshipping the feet of Almighty Saints,

ਮਿਟੇ ਉਪਦ੍ਰਹ ; ਮਨ ਤੇ ਬੈਰ ॥੨॥ (੩੯੫-੬, ਆਸਾ, ਮਃ ੫)

troubles and hatred are eliminated from the mind. ||2||

ਗੁਰ ਪੂਰੇ ਮਿਲਿ ; ਝਗਰੁ ਚੁਕਾਇਆ ॥ (੩੯੫-੬, ਆਸਾ, ਮਃ ੫)

Meeting with the Perfect Guru, conflict is ended,

ਪੰਚ ਦੂਤ ਸਭਿ ; ਵਸਗਤਿ ਆਇਆ ॥੩॥ (੩੯੫-੬, ਆਸਾ, ਮਃ ੫)

and the five demons are totally subdued. ||3||

ਜਿਸੁ ਮਨਿ ਵਸਿਆ ; ਹਰਿ ਕਾ ਨਾਮੁ ॥ (੩੯੫-੭, ਆਸਾ, ਮਃ ੫)

One whose mind is filled with Almighty's Name,

ਨਾਨਕ ; ਤਿਸੁ ਊਪਰਿ ਕੁਰਬਾਨ ॥੪॥੪॥੯੮॥ (੩੯੫-੭, ਆਸਾ, ਮਃ ੫)

Guru Nanak says, I am a sacrifice to him. ||4||4||98||

ਆਸਾ , ਮਹਲਾ ੫ ॥ (੩੯੫-੭)

Aasaa, Fifth Mahla:

ਗਾਵਿ ਲੇਹਿ ਤੂ ; ਗਾਵਨਹਾਰੇ ॥ (ਗਾਵਨ-ਹਾਰੇ ਬੋਲੋ) (੩੯੫-੮, ਆਸਾ, ਮਃ ੫)

O singer, sing of the One, Almighty,

ਜੀਅ ਪਿੰਡ ਕੇ ; ਪ੍ਰਾਨ ਅਧਾਰੇ ॥ (੩੯੫-੮, ਆਸਾ, ਮਃ ੫)

who is the Support of the life forces (Pran), the body and the breath of life.

ਜਾ ਕੀ ਸੇਵਾ ; ਸਰਬ ਸੁਖ ਪਾਵਹਿ ॥ (੩੯੫-੮, ਆਸਾ, ਮਃ ੫)

Serving Him, all peace is obtained.

ਅਵਰ ਕਾਹੂ ਪਹਿ ; ਬਹੁੜਿ ਨ ਜਾਵਹਿ ॥੧॥ (੩੯੫-੮, ਆਸਾ, ਮਃ ੫)

You shall no longer go to any other. ||1||

ਸਦਾ ਅਨੰਦ ਅਨੰਦੀ ਸਾਹਿਬੁ ; ਗੁਨ ਨਿਧਾਨ ਨਿਤ ਨਿਤ ਜਾਪੀਐ ॥(੩੯੫-੯,ਆਸਾ, ਮਃ ੫)

My Blissful Almighty Master is forever in bliss; recite His Name continually and forever, on Almighty, the treasure of excellence.

ਬਲਿਹਾਰੀ ਤਿਸੁ ਸੰਤ ਪਿਆਰੇ ;
ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ ॥ ਰਹਾਉ ॥ (੩੯੫-੯, ਆਸਾ, ਮਃ ੫)

I am a sacrifice to the Beloved Saints (Guru); by his kind favor, Almighty comes to dwell in the mind. ||Pause||

ਜਾ ਕਾ ਦਾਨੁ ; ਨਿਖੁਟੈ ਨਾਹੀ ॥ (੩੯੫-੧੦, ਆਸਾ, ਮਃ ੫)

His gifts are never exhausted.

ਭਲੀ ਭਾਤਿ ; ਸਭ ਸਹਜਿ ਸਮਾਹੀ ॥ (ਭਾਂਤਿ ਬੋਲੋ) (੩੯੫-੧੦, ਆਸਾ, ਮਃ ੫)

In His subtle way, He easily absorbs all.

ਜਾ ਕੀ ਬਖਸ ; ਨ ਮੇਟੈ ਕੋਈ ॥ (੩੯੫-੧੧, ਆਸਾ, ਮਃ ੫)

His benevolence cannot be erased.

ਮਨਿ ਵਾਸਾਈਐ ; ਸਾਚਾ ਸੋਈ ॥੨॥ (੩੯੫-੧੧, ਆਸਾ, ਮਃ ੫)

So enshrine that True Almighty within your mind. ||2||

ਸਗਲ ਸਮਗ੍ਰੀ ; ਗ੍ਰਿਹ ਜਾ ਕੈ ਪੂਰਨ ॥ (੩੯੫-੧੧, ਆਸਾ, ਮਃ ੫)

His house is filled with all sorts of articles;

ਪ੍ਰਭ ਕੇ ਸੇਵਕ ; ਦੂਖ ਨ ਝੂਰਨ ॥ (੩੯੫-੧੨, ਆਸਾ, ਮਃ ੫)

Almighty's servants never suffer pain.

ਓਟਿ ਗਹੀ ; ਨਿਰਭਉ ਪਦੁ ਪਾਈਐ ॥ (੩੯੫-੧੨, ਆਸਾ, ਮਃ ੫)

Holding to His Support, the state of fearless dignity is obtained.

ਸਾਸਿ ਸਾਸਿ ; ਸੋ ਗੁਨ ਨਿਧਿ ਗਾਈਐ ॥੩॥ (੩੯੫-੧੨, ਆਸਾ, ਮਃ ੫)

With each and every breath, sing of the virtues of Almighty who is the treasure of excellence. ||3||

ਦੂਰਿ ਨ ਹੋਈ ; ਕਤਹੂ ਜਾਈਐ ॥ (੩੯੫-੧੩, ਆਸਾ, ਮਃ ੫)

He is not far from us, wherever we go.

ਨਦਰਿ ਕਰੇ ; ਤਾ ਹਰਿ ਹਰਿ ਪਾਈਐ ॥ (੩੯੫-੧੩, ਆਸਾ, ਮਃ ੫)

When He shows His Mercy, we obtain Almighty.

ਅਰਦਾਸਿ ਕਰੀ ; ਪੂਰੇ ਗੁਰ ਪਾਸਿ ॥ (੩੯੫-੧੩, ਆਸਾ, ਮਃ ੫)

I offer this prayer to the Perfect Guru.

ਨਾਨਕੁ ਮੰਗੈ ; ਹਰਿ ਧਨੁ ਰਾਸਿ ॥੪॥੫॥੯੯॥ (੩੯੫-੧੪, ਆਸਾ, ਮਃ ੫)

Guru Nanak ask for the treasure of Almighty's Name. ||4||5||99||

ਆਸਾ , ਮਹਲਾ ੫ ॥ (੩੯੫-੧੪)

Aasaa, Fifth Mahla:

ਪ੍ਰਥਮੇ ; ਮਿਟਿਆ ਤਨ ਕਾ ਦੂਖ ॥ (੩੯੫-੧੪, ਆਸਾ, ਮਃ ੫)

First, the pains of the body vanish;

ਮਨ ਸਗਲ ਕਉ ; ਹੋਆ ਸੂਖੁ ॥ (੩੯੫-੧੫, ਆਸਾ, ਮਃ ੫)

then, the mind becomes totally peaceful.

ਕਰਿ ਕਿਰਪਾ ਗੁਰ ; ਦੀਨੋ ਨਾਉ ॥ (੩੯੫-੧੫, ਆਸਾ, ਮਃ ੫)

In His Mercy, the Guru bestows Almighty's Name.

ਬਲਿ ਬਲਿ ; ਤਿਸੁ ਸਤਿਗੁਰ ਕਉ ਜਾਉ ॥੧॥ (੩੯੫-੧੫, ਆਸਾ, ਮਃ ੫)

I am a sacrifice, a sacrifice to that True Guru. ||1||

ਗੁਰੁ ਪੂਰਾ ਪਾਇਓ ; ਮੇਰੇ ਭਾਈ ॥ (੩੯੫-੧੬, ਆਸਾ, ਮਃ ੫)

I have obtained the Perfect Guru, O my Brother.

ਰੋਗ ਸੋਗ ਸਭ ਦੂਖ ਬਿਨਾਸੇ ; ਸਤਿਗੁਰ ਕੀ ਸਰਣਾਈ ॥ ਰਹਾਉ ॥(੩੯੫-੧੬, ਆਸਾ, ਮਃ ੫)

All illness, sorrows and sufferings are dispelled, in the Sanctuary of the True Guru. ||Pause||

ਗੁਰ ਕੇ ਚਰਨ ; ਹਿਰਦੈ ਵਸਾਏ ॥ (੩੯੫-੧੭, ਆਸਾ, ਮਃ ੫)

The feet of the Guru abide within my heart;

ਮਨ ਚਿੰਤਤ ; ਸਗਲੇ ਫਲ ਪਾਏ ॥ (੩੯੫-੧੭, ਆਸਾ, ਮਃ ੫)

I have received all the fruits of my mind's desires.

ਅਗਨਿ ਬੁਝੀ ; ਸਭ ਹੋਈ ਸਾਂਤਿ ॥ (੩੯੫-੧੭, ਆਸਾ, ਮਃ ੫)

The fire (hunger for worldly materials) is extinguished, and I am totally peaceful.

ਕਰਿ ਕਿਰਪਾ ਗੁਰਿ ; ਕੀਨੀ ਦਾਤਿ ॥੨॥ (੩੯੫-੧੭, ਆਸਾ, ਮਃ ੫)

Showering His Mercy, the Guru has given this gift. ||2||

ਨਿਥਾਵੇ ਕਉ ; ਗੁਰਿ ਦੀਨੋ ਥਾਨੁ ॥ (੩੯੫-੧੮, ਆਸਾ, ਮਃ ੫)

The Guru has given shelter to the shelterless.

ਨਿਮਾਨੇ ਕਉ ; ਗੁਰਿ ਕੀਨੋ ਮਾਨੁ ॥ (੩੯੫-੧੮, ਆਸਾ, ਮਃ ੫)

The Guru has given honor to the dishonored.

ਬੰਧਨ ਕਾਟਿ ; ਸੇਵਕ ਕਰਿ ਰਾਖੇ ॥ (੩੯੫-੧੮, ਆਸਾ, ਮਃ ੫)

Shattering his bonds, the Guru has saved His servant.

ਅੰਮ੍ਰਿਤ ਬਾਨੀ ; ਰਸਨਾ ਚਾਖੇ ॥੩॥ (੩੯੫-੧੯, ਆਸਾ, ਮਃ ੫)

I taste with my tongue the Ambrosial Nectar of Guru's Shabad (Gurbani). ||3||

ਵਡੈ ਭਾਗਿ ; ਪੂਜ ਗੁਰ ਚਰਨਾ ॥ (੩੯੫-੧੯, ਆਸਾ, ਮਃ ੫)

By great good fortune, I worship the Guru's feet.

ਸਗਲ ਤਿਆਗਿ ; ਪਾਈ ਪ੍ਰਭ ਸਰਨਾ ॥ (੩੯੫-੧੯, ਆਸਾ, ਮਃ ੫)

Forsaking everything, I have obtained Almighty's Sanctuary.

ਗੁਰੁ ਨਾਨਕ ; ਜਾ ਕਉ ਭਇਆ ਦਇਆਲਾ ॥
ਸੋ ਜਨੁ ; ਹੋਆ ਸਦਾ ਨਿਹਾਲਾ ॥੪॥੬॥੧੦੦॥ (੩੯੬-੧, ਆਸਾ, ਮਃ ੫)

That humble being, Guru Nanak says, unto whom the Guru grants His Mercy, is forever exalted (delighted). ||4||6||100||

ਆਸਾ , ਮਹਲਾ ੫ ॥ (੩੯੬-੨)

Aasaa, Fifth Mahla:

Prologue: Guru Arjan Dev Ji uttered this shabad to describe the praise and greatness of Guru Nanak Dev Ji to the Sikhs who came to congratulate Guruji in Vadali Sahib after the birth of Guru Hargobind Sahib Ji.

ਸਤਿਗੁਰ ਸਾਚੈ ; ਦੀਆ ਭੇਜਿ ॥ (੩੯੬-੨, ਆਸਾ, ਮਃ ੫)

The True Guru has truly given a child.

ਚਿਰੁਜੀਵਨੁ ; ਉਪਜਿਆ ਸੰਜੋਗਿ ॥ (ਚਿਰੁ-ਜੀਵਨੁ ਬੋਲੋ) (੩੯੬-੨, ਆਸਾ, ਮਃ ੫)

The long-lived one has been born to this destiny.

ਉਦਰੈ ਮਾਹਿ ਆਇ ; ਕੀਆ ਨਿਵਾਸੁ ॥ (੩੯੬-੨, ਆਸਾ, ਮਃ ੫)

He came to acquire a home in the womb,

ਮਾਤਾ ਕੈ ਮਨਿ ; ਬਹੁਤੁ ਬਿਗਾਸੁ ॥੧॥ (੩੯੬-੩, ਆਸਾ, ਮਃ ੫)

and his mother's heart is so very glad. ||1||

ਜੰਮਿਆ ਪੂਤੁ ; ਭਗਤੁ ਗੋਵਿੰਦ ਕਾ ॥ (੩੯੬-੩, ਆਸਾ, ਮਃ ੫)

A son is born - a devotee of Lord of the Universe.

ਪ੍ਰਗਟਿਆ ਸਭ ਮਹਿ ; ਲਿਖਿਆ ਧੁਰ ਕਾ ॥ ਰਹਾਉ ॥ (੩੯੬-੩, ਆਸਾ, ਮਃ ੫)

This pre-ordained destiny has been revealed to all. ||Pause||

ਦਸੀ ਮਾਸੀ , ਹੁਕਮਿ ; ਬਾਲਕ ਜਨਮੁ ਲੀਆ ॥ (੩੯੬-੪, ਆਸਾ, ਮਃ ੫)

In the tenth month, by Almighty's Order, the baby has been born.

ਮਿਟਿਆ ਸੋਗੁ ; ਮਹਾ ਅਨੰਦੁ ਥੀਆ ॥ (੩੯੬-੪, ਆਸਾ, ਮਃ ੫)

Sorrow is dispelled, and great joy has ensued.

ਗੁਰਬਾਣੀ ; ਸਖੀ ਅਨੰਦੁ ਗਾਵੈ ॥ (੩੯੬-੫, ਆਸਾ, ਮਃ ੫)

The companions blissfully sing the Guru's Shabad (Gurbani).

ਸਾਚੇ ਸਾਹਿਬ ਕੈ ; ਮਨਿ ਭਾਵੈ ॥੨॥ (੩੯੬-੫, ਆਸਾ, ਮਃ ੫)

This is pleasing to Almighty Master. ||2||

ਵਧੀ ਵੇਲਿ ਬਹੁ ; ਪੀੜੀ ਚਾਲੀ ॥ (੩੯੬-੫, ਆਸਾ, ਮਃ ੫)

The vine has grown, and shall last for many generations.

ਧਰਮ ਕਲਾ ; ਹਰਿ ਬੰਧਿ ਬਹਾਲੀ ॥ (੩੯੬-੬, ਆਸਾ, ਮਃ ੫)

The Power of Righteousness has been firmly established by Almighty.

ਮਨ ਚਿੰਦਿਆ ; ਸਤਿਗੁਰੂ ਦਿਵਾਇਆ ॥ (੩੯੬-੬, ਆਸਾ, ਮਃ ੫)

That which my mind wishes for, the True Guru has granted.

ਭਏ ਅਚਿੰਤ ; ਏਕ ਲਿਵ ਲਾਇਆ ॥੩॥ (੩੯੬-੬, ਆਸਾ, ਮਃ ੫)

I have become carefree, and I fix my attention on One Almighty. ||3||

ਜਿਉ ਬਾਲਕੁ ; ਪਿਤਾ ਊਪਰਿ ਕਰੇ ਬਹੁ ਮਾਣੁ ॥ (੩੯੬-੭, ਆਸਾ, ਮਃ ੫)

As the child places so much faith in his father,

ਬੁਲਾਇਆ ਬੋਲੈ ; ਗੁਰ ਕੈ ਭਾਣਿ ॥ (੩੯੬-੭, ਆਸਾ, ਮਃ ੫)

I speak as it pleases the Guru to have me speak.

ਗੁਝੀ ਛੰਨੀ ; ਨਾਹੀ ਬਾਤ ॥ (੩੯੬-੭, ਆਸਾ, ਮਃ ੫)

This is not a hidden secret;

ਗੁਰੁ ਨਾਨਕੁ ਤੁਠਾ ; ਕੀਨੀ ਦਾਤਿ ॥੪॥੭॥੧੦੧॥ (੩੯੬-੮, ਆਸਾ, ਮਃ ੫)

Guru Nanak, greatly pleased, has bestowed this gift. ||4||7||101||

ਆਸਾ , ਮਹਲਾ ੫ ॥ (੩੯੬-੮)

Aasaa, Fifth Mahla:

Prologue: Guru Arjan Dev Ji uttered th following Shabad after the three attempts (a lady with poison rubbed on her breast, snake, poisoned porridge through a care taker and curse of small pox) initiated by Guruji's elder brother, Baba Prithi Chand failed to harm Guru Hargobind Sahib Ji;

ਗੁਰ ਪੂਰੇ ; ਰਾਖਿਆ ਦੇ ਹਾਥ ॥ (੩੯੬-੮, ਆਸਾ, ਮਃ ੫)

Giving His Hand, the Perfect Guru has protected the child.

ਪ੍ਰਗਟੁ ਭਇਆ ; ਜਨ ਕਾ ਪਰਤਾਪੁ ॥੧॥ (੩੯੬-੯, ਆਸਾ, ਮਃ ੫)

The glory of His servant has become manifest. ||1||

ਗੁਰੁ ਗੁਰੁ ਜਪੀ ; ਗੁਰੂ ਗੁਰੁ ਧਿਆਈ ॥ (੩੯੬-੯, ਆਸਾ, ਮਃ ੫)

I contemplate the Guru, the Guru; I meditate on the Guru, the Guru.

ਜੀਅ ਕੀ ਅਰਦਾਸਿ ; ਗੁਰੂ ਪਹਿ ਪਾਈ ॥ ਰਹਾਉ ॥ (੩੯੬-੯, ਆਸਾ, ਮਃ ੫)

I offer my heart-felt prayer to the Guru, and it is answered. ||Pause||

ਸਰਨਿ ਪਰੇ ; ਸਾਚੇ ਗੁਰਦੇਵ ॥ (੩੯੬-੧੦, ਆਸਾ, ਮਃ ੫)

I have taken to the Sanctuary of the True Divine Guru.

ਪੂਰਨ ਹੋਈ ; ਸੇਵਕ ਸੇਵ ॥੨॥ (੩੯੬-੧੦, ਆਸਾ, ਮ: ੫)

The service of His servant has been fulfilled. ||2||

ਜੀਉ ਪਿੰਡੁ ; ਜੋਬਨੁ ਰਾਖੈ ਪ੍ਰਾਨ ॥ (੩੯੬-੧੦, ਆਸਾ, ਮ: ੫)

He has preserved my soul, body, youth and breath of life.

ਕਹੁ ਨਾਨਕ ; ਗੁਰ ਕਉ ਕੁਰਬਾਨ ॥੩॥੮॥੧੦੨॥ (੩੯੬-੧੧, ਆਸਾ, ਮ: ੫)

Says Nanak, I am a sacrifice to the Guru. ||3||8||102||

ਆਸਾ , ਘਰੁ ੮ ; ਕਾਫੀ , ਮਹਲਾ ੫ (ਅੱਠਵਾਂ ਬੋਲੋ) (੩੯੬-੧੨)

Aasaa, Eighth House, Kaafee, Fifth Mahla:

ੴ ; ਸਤਿਗੁਰ ਪ੍ਰਸਾਦਿ ॥ (੩੯੬-੧੨)

There is only one Almighty without duality (Eak), life of the entire creation (Ongkaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਮੈ ਬੰਦਾ ਬੈ ਖਰੀਦੁ ; ਸਚੁ ਸਾਹਿਬੁ ਮੇਰਾ ॥ (੩੯੬-੧੩, ਆਸਾ ਕਾਫੀ, ਮ: ੫)

I am Your purchased slave, O True Almighty Master.

ਜੀਉ ਪਿੰਡੁ ਸਭੁ ਤਿਸ ਦਾ ; ਸਭੁ ਕਿਛੁ ਹੈ ਤੇਰਾ ॥੧॥ (੩੯੬-੧੩, ਆਸਾ ਕਾਫੀ, ਮ: ੫)

My mind and body, and all of this, everything is Yours. ||1||

ਮਾਣੁ ਨਿਮਾਣੇ ਤੂੰ ਧਣੀ ; ਤੇਰਾ ਭਰਵਾਸਾ ॥ (੩੯੬-੧੩, ਆਸਾ ਕਾਫੀ, ਮ: ੫)

You are the honor of the dishonored. O Master, in You I place my trust.

ਬਿਨੁ ਸਾਚੇ ਅਨ ਟੇਕ ਹੈ ; ਸੋ ਜਾਣਹੁ ਕਾਚਾ ॥੧॥ ਰਹਾਉ ॥ (੩੯੬-੧੪, ਆਸਾ ਕਾਫੀ, ਮ: ੫)

Without the True One, any other support is false - know this well. ||1||Pause||

ਤੇਰਾ ਹੁਕਮੁ ਅਪਾਰ ਹੈ ; ਕੋਈ ਅੰਤੁ ਨ ਪਾਏ ॥ (੩੯੬-੧੪, ਆਸਾ ਕਾਫੀ, ਮ: ੫)

Your Command is infinite; no one can find its limit.

ਜਿਸੁ ਗੁਰੁ ਪੂਰਾ ਭੇਟਸੀ ; ਸੋ ਚਲੈ ਰਜਾਏ ॥੨॥ (੩੯੬-੧੫, ਆਸਾ ਕਾਫੀ, ਮਃ ੫)

One who meets with the Perfect Guru, walks in the Way of Almighty's Will. ||2||

ਚਤੁਰਾਈ ਸਿਆਣਪਾ ; ਕਿਤੈ ਕਾਮਿ ਨ ਆਈਐ ॥ (੩੯੬-੧੫, ਆਸਾ ਕਾਫੀ, ਮਃ ੫)

Cunning and cleverness are of no use anywhere.

ਤੁਠਾ ਸਾਹਿਬੁ ਜੋ ਦੇਵੈ ; ਸੋਈ ਸੁਖੁ ਪਾਈਐ ॥੩॥ (੩੯੬-੧੬, ਆਸਾ ਕਾਫੀ, ਮਃ ੫)

That which Almighty Master gives, by the Pleasure of His Will - that is pleasing to me. ||3||

ਜੇ ਲਖ ਕਰਮ ਕਮਾਈਅਹਿ ; (ਲ਼ੱਖ ਬੋਲੋ)
ਕਿਛੁ ਪਵੈ ਨ ਬੰਧਾ ॥ (੩੯੬-੧੬, ਆਸਾ ਕਾਫੀ, ਮਃ ੫)

One may perform tens of thousands (Lakh=100,000) of actions, but attachment to things is not satisfied.

ਜਨ ਨਾਨਕ ਕੀਤਾ ਨਾਮੁ ਧਰ ;
ਹੋਰੁ ਛੋਡਿਆ ਧੰਧਾ ॥੪॥੧॥੧੦੩॥(੩੯੬-੧੬,ਆਸਾ ਕਾਫੀ, ਮਃ ੫)

Servant Nanak has made Almighty's Name (Naam) his Support. He has renounced other entanglements. ||4||1||103||

ਆਸਾ , ਮਹਲਾ ੫ ॥ (੩੯੬-੧੭)

Aasaa, Fifth Mahla:

ਸਰਬ ਸੁਖਾ ਮੈ ਭਾਲਿਆ ; ਹਰਿ ਜੇਵਡੁ ਨ ਕੋਈ ॥ (੩੯੬-੧੭, ਆਸਾ, ਮਃ ੫)

I have pursued all pleasures, but none is as great as Almighty.

ਗੁਰ ਤੁਠੇ ਤੇ ਪਾਈਐ ; ਸਚੁ ਸਾਹਿਬੁ ਸੋਈ ॥੧॥ (੩੯੬-੧੮, ਆਸਾ, ਮਃ ੫)

By the Pleasure of the Guru's Will, the True Almighty Master is obtained. ||1||

ਬਲਿਹਾਰੀ ਗੁਰ ਆਪਣੇ ; ਸਦ ਸਦ ਕੁਰਬਾਨਾ ॥ (੩੯੬-੧੮, ਆਸਾ, ਮਃ ੫)

I am a sacrifice to my Guru; I am forever and ever a sacrifice to Him.

ਨਾਮੁ ਨ ਵਿਸਰਉ ਇਕੁ ਖਿਨੁ ਚਸਾ ;
ਇਹੁ ਕੀਜੈ ਦਾਨਾ ॥੧॥ ਰਹਾਉ ॥ (੩੯੬-੧੮, ਆਸਾ, ਮਃ ੫)

Please, grant me this one blessing, that I may never, even for an instant, forget Your Name. ||1||Pause||

ਭਾਗਠੁ ਸਚਾ ਸੋਇ ਹੈ ; ਜਿਸੁ ਹਰਿ ਧਨੁ ਅੰਤਰਿ ॥ (੩੯੬-੧੯, ਆਸਾ, ਮਃ ੫)

How very fortunate are those who have the wealth of Almighty deep within the heart.

ਸੋ ਛੂਟੈ ਮਹਾ ਜਾਲ ਤੇ ; ਜਿਸੁ ਗੁਰ ਸਬਦੁ ਨਿਰੰਤਰਿ ॥੨॥ (੩੯੭-੧, ਆਸਾ, ਮਃ ੫)

They escape from the great noose of death; they are permeated with the Guru's Shabad. ||2||

ਗੁਰ ਕੀ ਮਹਿਮਾ ਕਿਆ ਕਹਾ ; ਗੁਰੁ ਬਿਬੇਕ ਸਤ ਸਰੁ ॥ (੩੯੭-੧, ਆਸਾ, ਮਃ ੫)

How can I utter the Glorious Praises of the Guru? The Guru is the ocean of Truth and clear understanding.

ਓਹੁ ਆਦਿ ਜੁਗਾਦੀ ਜੁਗਹ ਜੁਗੁ ; ਪੂਰਾ ਪਰਮੇਸਰੁ ॥੩॥ (੩੯੭-੨, ਆਸਾ, ਮਃ ੫)

He is the Perfect Transcendent Almighty, from the very beginning, and throughout the ages. ||3||

ਨਾਮੁ ਧਿਆਵਹੁ ਸਦ ਸਦਾ ; ਹਰਿ ਹਰਿ ਮਨੁ ਰੰਗੇ ॥ (੩੯੭-੨, ਆਸਾ, ਮਃ ੫)

Concentrating on Almighty's Name (Naam), forever and ever, my mind is filled with the Love of Almighty.

ਜੀਉ ਪ੍ਰਾਣ ਧਨੁ ਗੁਰੂ ਹੈ ; ਨਾਨਕ ਕੈ ਸੰਗੇ ॥੪॥੨॥੧੦੪॥ (੩੯੭-੩, ਆਸਾ, ਮਃ ੫)

The Guru is my soul, my life forces (Pran), and wealth; Guru Nanak says, He is with me forever. ||4||2||104||

ਆਸਾ , ਮਹਲਾ ੫ ॥ (੩੯੭-੩)

Aasaa, Fifth Mahla:

ਸਾਈ ਅਲਖੁ ਅਪਾਰੁ ; ਭੋਰੀ ਮਨਿ ਵਸੈ ॥ (ਸਾਂਈ, ਅਲੱਖੁ ਬੋਲੋ) (੩੯੭-੩, ਆਸਾ, ਮਃ ੫)

If the Invisible and Infinite Almighty dwells within my mind, even for a moment,

ਦੂਖੁ ਦਰਦੁ ਰੋਗੁ ਮਾਇ ; ਮੈਡਾ ਹਭੁ ਨਸੈ ॥੧॥ (੩੯੭-੪, ਆਸਾ, ਮਃ ੫)

then all my pains, troubles, and diseases vanish. ||1||

ਹਉ ਵੰਞਾ ਕੁਰਬਾਣੁ ; ਸਾਈ ਆਪਣੇ ॥ (ਸਾਂਈ ਬੋਲੋ) (੩੯੭-੪, ਆਸਾ, ਮਃ ੫)
I am a sacrifice to my Almighty Master.

ਹੋਵੈ ਅਨਦੁ ਘਣਾ ; ਮਨਿ ਤਨਿ ਜਾਪਣੇ ॥੧॥ ਰਹਾਉ ॥ (੩੯੭-੪, ਆਸਾ, ਮਃ ੫)
Reciting His Name, a great joy wells up within my mind and body. ||1||Pause||

ਬਿੰਦਕ ਗਾਲ੍ਹਿ ਸੁਣੀ ; ਸਚੇ ਤਿਸੁ ਧਣੀ ॥ (੩੯੭-੫, ਆਸਾ, ਮਃ ੫)
I have heard only a little bit of news about the True Almighty Master.

ਸੂਖੀ ਹੂੰ ਸੁਖੁ ਪਾਇ ; ਮਾਇ ਨ ਕੀਮ ਗਣੀ ॥੨॥ (੩੯੭-੫, ਆਸਾ, ਮਃ ੫)
I have obtained the peace of all peace, O my mother; I cannot estimate its worth. ||2||

ਨੈਣ ਪਸੰਦੋ ਸੋਇ ; ਪੇਖਿ ਮੁਸਤਾਕ ਭਈ ॥ (੩੯੭-੬, ਆਸਾ, ਮਃ ੫)
He is so beautiful to my eyes; looking at Him, I have been bewitched.

ਮੈ ਨਿਰਗੁਣਿ ਮੇਰੀ ਮਾਇ ; ਆਪਿ ਲੜਿ ਲਾਇ ਲਈ ॥੩॥ (੩੯੭-੬, ਆਸਾ, ਮਃ ੫)
I am worthless, O my mother; He Himself has attached me to the hem of His robe. ||3||

ਬੇਦ ਕਤੇਬ ਸੰਸਾਰ ; ਹਭਾ ਹੂੰ ਬਾਹਰਾ ॥ (੩੯੭-੭, ਆਸਾ, ਮਃ ੫)
He is beyond the entire universe and beyond the descriptions of all religious scripture.

ਨਾਨਕ ਕਾ ਪਾਤਿਸਾਹੁ ; ਦਿਸੈ ਜਾਹਰਾ ॥੪॥੩॥੧੦੫॥ (੩੯੭-੭, ਆਸਾ, ਮਃ ੫)
The Supreme King of Guru Nanak is immanent and manifest. ||4||3||105||

ਆਸਾ , ਮਹਲਾ ੫ ॥ (੩੯੭-੮)
Aasaa, Fifth Mahla:

ਲਾਖ ਭਗਤ ਆਰਾਧਹਿ ; ਜਪਤੇ ਪੀਉ ਪੀਉ ॥ (੩੯੭-੮, ਆਸਾ, ਮਃ ੫)
Tens of thousands of devotees worship and adore You, chanting, "Beloved, Beloved."

ਕਵਨ ਜੁਗਤਿ ਮੇਲਾਵਉ ; ਨਿਰਗੁਣ ਬਿਖਈ ਜੀਉ ॥੧॥ (੩੯੭-੮, ਆਸਾ, ਮਃ ੫)
How shall You unite me, the worthless and corrupt soul, with Yourself. ||1||

ਤੇਰੀ ਟੇਕ ; ਗੋਵਿੰਦ ਗੁਪਾਲ ਦਇਆਲ ਪ੍ਰਭ ॥ (੩੯੭-੯, ਆਸਾ, ਮਃ ੫)

You are my Support, O Merciful Almighty, Almighty of the Universe, Sustainer of the World.

ਤੂੰ ਸਭਨਾ ਕੇ ਨਾਥ ; ਤੇਰੀ ਸ੍ਰਿਸਟਿ ਸਭ ॥੧॥ ਰਹਾਉ ॥ (੩੯੭-੯, ਆਸਾ, ਮਃ ੫)

You are the Master of all; the entire creation is Yours. ||1||Pause||

ਸਦਾ ਸਹਾਈ ਸੰਤ ; ਪੇਖਹਿ ਸਦਾ ਹਜੂਰਿ ॥ (੩੯੭-੧੦, ਆਸਾ, ਮਃ ੫)

You are the constant help and support of the devotees, who sees You Ever-present.

ਨਾਮ ਬਿਹੂਨੜਿਆ ; (ਬਿਹੂਨ-ੜਿਆ ਬੋਲੋ)
ਸੇ ਮਰਨ੍ਹਿ ਵਿਸੂਰਿ ਵਿਸੂਰਿ ॥੨॥ (੩੯੭-੧੦, ਆਸਾ, ਮਃ ੫)

Those who lack Almighty's Name (Naam), shall die, engulfed in sorrow and pain. ||2||

ਦਾਸ ਦਾਸਤਣ ਭਾਇ ; ਮਿਟਿਆ ਤਿਨ੍ਹਾ ਗਉਣੁ ॥ (ਦਾਸੱਤਣ ਬੋਲੋ) (੩੯੭-੧੦, ਆਸਾ, ਮਃ ੫)

Those servants, who lovingly perform Almighty's service, are freed from the cycle of reincarnation.

ਵਿਸਰਿਆ ਜਿਨ੍ਹਾ ਨਾਮੁ ; ਤਿਨਾੜਾ ਹਾਲੁ ਕਉਣੁ ॥੩॥ (੩੯੭-੧੧, ਆਸਾ, ਮਃ ੫)

What shall be the fate of those who forget Almighty's Name (Naam)? ||3||

ਜੈਸੇ ਪਸੁ ਹਰ੍ਹਿਆਉ ; ਤੈਸਾ ਸੰਸਾਰੁ ਸਭ ॥ (੩੯੭-੧੧, ਆਸਾ, ਮਃ ੫)

As are the cattle which have strayed, so is the entire world.

ਨਾਨਕ , ਬੰਧਨ ਕਾਟਿ ; ਮਿਲਾਵਹੁ ਆਪਿ ਪ੍ਰਭ ॥੪॥੪॥੧੦੬॥ (੩੯੭-੧੨, ਆਸਾ, ਮਃ ੫)

Guru Nanak prays, O Almighty, please cut away the bondage of worldly affairs and unite the being with Yourself. ||4||4||106||

ਆਸਾ , ਮਹਲਾ ੫ ॥ (੩੯੭-੧੨)

Aasaa, Fifth Mahla:

ਹਭੇ ਥੋਕ ਵਿਸਾਰਿ ; ਹਿਕੋ ਖਿਆਲੁ ਕਰਿ ॥ (੩੯੭-੧੨, ਆਸਾ, ਮਃ ੫)

Forget all other things, and dwell upon the Almighty alone.

ਝੂਠਾ ਲਾਹਿ ਗੁਮਾਨੁ ; ਮਨੁ ਤਨੁ ਅਰਪਿ ਧਰਿ ॥੧॥ (੩੯੭-੧੩, ਆਸਾ, ਮਃ ੫)

Lay aside your false pride, and dedicate your mind and body to Him. ||1||

ਆਠ ਪਹਰ ਸਾਲਾਹਿ ; ਸਿਰਜਨਹਾਰ ਤੂੰ ॥ (ਸਿਰਜਨ-ਹਾਰ ਬੋਲੋ) (੩੯੭-੧੩, ਆਸਾ, ਮਃ ੫)

Twenty-four hours a day, praise the Creator Almighty.

ਜੀਵਾਂ ਤੇਰੀ ਦਾਤਿ ; ਕਿਰਪਾ ਕਰਹੁ ਮੂੰ ॥੧॥ ਰਹਾਉ ॥ (੩੯੭-੧੪, ਆਸਾ, ਮਃ ੫)

I live by Your bountiful gifts - please, shower me with Your Mercy! ||1||Pause||

ਸੋਈ ਕੰਮੁ ਕਮਾਇ ; ਜਿਤੁ ਮੁਖੁ ਉਜਲਾ ॥ (੩੯੭-੧੪, ਆਸਾ, ਮਃ ੫)

So, do that work, by which your face shall be made radiant.

ਸੋਈ ਲਗੈ ਸਚਿ ; ਜਿਸੁ ਤੂੰ ਦੇਹਿ ਅਲਾ ॥੨॥ (੩੯੭-੧੫, ਆਸਾ, ਮਃ ੫)

He alone becomes attached to the Truth, O Almighty, unto whom You give it. ||2||

ਜੋ ਨ ਢਹੰਦੋ ਮੂਲਿ ; ਸੋ ਘਰੁ ਰਾਸਿ ਕਰਿ ॥ (੩੯੭-੧੫, ਆਸਾ, ਮਃ ੫)

So build and adorn that house, which shall never be destroyed.

ਹਿਕੋ ਚਿਤਿ ਵਸਾਇ ; ਕਦੇ ਨ ਜਾਇ ਮਰਿ ॥੩॥ (੩੯੭-੧੫, ਆਸਾ, ਮਃ ੫)

Enshrine the One Almighty within your consciousness; He shall never die. ||3||

ਤਿਨ੍ਾ ਪਿਆਰਾ ਰਾਮੁ ; ਜੋ ਪ੍ਰਭ ਭਾਣਿਆ ॥ (੩੯੭-੧੬, ਆਸਾ, ਮਃ ੫)

Almighty is dear to those, who stays delightful in His Will.

ਗੁਰ ਪਰਸਾਦਿ ਅਕਥੁ ; (ਅਕੱਥੁ ਬੋਲੋ)
ਨਾਨਕਿ ਵਖਾਣਿਆ ॥੪॥੫॥੧੦੭॥ (੩੯੭-੧੬, ਆਸਾ, ਮਃ ੫)

By Guru's Grace, Guru Nanak describes the indescribable. ||4||5||107||

ਆਸਾ , ਮਹਲਾ ੫ ॥ (੩੯੭-੧੭)

Aasaa, Fifth Mahla:

ਜਿਨ੍ਾ ਨ ਵਿਸਰੈ ਨਾਮੁ ; ਸੇ ਕਿਨੇਹਿਆ ॥ (੩੯੭-੧੭, ਆਸਾ, ਮਃ ੫)

What are they like - those who do not forget Almighty's Name (Naam)?

ਭੇਦੁ ਨ ਜਾਣਹੁ ਮੂਲਿ ; ਸਾਂਈ ਜੇਹਿਆ ॥੧॥ (੩੯੭-੧੭, ਆਸਾ, ਮਃ ੫)

Know that there is absolutely no difference; they are exactly like Almighty. ||1||

ਮਨੁ ਤਨੁ ਹੋਇ ਨਿਹਾਲੁ ; ਤੁਮ੍ ਸੰਗਿ ਭੇਟਿਆ ॥ (੩੯੭-੧੮, ਆਸਾ, ਮਃ ੫)

The mind and body are exalted (delighted), meeting with You, O Almighty.

ਸੁਖੁ ਪਾਇਆ ਜਨ ਪਰਸਾਦਿ ; ਦੁਖੁ ਸਭੁ ਮੇਟਿਆ ॥੧॥ ਰਹਾਉ ॥(੩੯੭-੧੮, ਆਸਾ, ਮਃ ੫)

Peace is obtained, by the favor of Almighty's humble servant; all pains are taken away. ||1||Pause||

ਜੇਤੇ ਖੰਡ ਬ੍ਰਹਮੰਡ ; ਉਧਾਰੇ ਤਿੰਨ੍ ਖੇ ॥ (੩੯੭-੧੯, ਆਸਾ, ਮਃ ੫)

As many as are the continents of the world, so many have been saved.

ਜਿਨ੍ , ਮਨਿ ਵੁਠਾ ਆਪਿ ; ਪੂਰੇ ਭਗਤ ਸੇ ॥੨॥ (੩੯੭-੧੯, ਆਸਾ, ਮਃ ੫)

Those, in whose minds You Yourself dwell, O Almighty, are the perfect devotees. ||2||

ਜਿਸ ਨੋ ਮੰਨੇ ਆਪਿ ; ਸੋਈ ਮਾਨੀਐ ॥ (੩੯੮-੧, ਆਸਾ, ਮਃ ੫)

Those whom You accept, are acceptable to all.

ਪ੍ਰਗਟ ਪੁਰਖੁ ਪਰਵਾਣੁ ; ਸਭ ਠਾਈ ਜਾਨੀਐ ॥੩॥ (੩੯੮-੧, ਆਸਾ, ਮਃ ੫)

Such a celebrated and honored person is known everywhere. ||3||

ਦਿਨਸੁ ਰੈਣਿ ਆਰਾਧਿ ; ਸਮ੍ਾਲੇ ਸਾਹ ਸਾਹ ॥ (੩੯੮-੧, ਆਸਾ, ਮਃ ੫)

Day and night, with every breath to worship and adore Almighty

ਨਾਨਕ ਕੀ ਲੋਚਾ ਪੂਰਿ ; ਸਚੇ ਪਾਤਿਸਾਹ ॥੪॥੬॥੧੦੮॥ (੩੯੮-੨, ਆਸਾ, ਮਃ ੫)

Guru Nanak prays, Please, O True Supreme King, fulfill this desire. ||4||6||108||

ਆਸਾ , ਮਹਲਾ ੫ ॥ (੩੯੮-੨)

Aasaa, Fifth Mahla:

ਪੂਰਿ ਰਹਿਆ ਸ੍ਰਬ ਠਾਇ ; ਹਮਾਰਾ ਖਸਮੁ ਸੋਇ ॥ (੩੯੮-੨, ਆਸਾ, ਮਃ ੫)

He, my Almighty Master, is fully pervading all places.

ਏਕੁ ਸਾਹਿਬੁ ਸਿਰਿ ਛਤੁ ; ਦੂਜਾ ਨਾਹਿ ਕੋਇ ॥੧॥ (੩੯੮-੩, ਆਸਾ, ਮਃ ੫)

He is the One Almighty Master, the roof over our heads; there is no other than Him. ||1||

ਜਿਉ ਭਾਵੈ ਤਿਉ ਰਾਖੁ ; ਰਾਖਣਹਾਰਿਆ ॥ (ਰਾਖਣ-ਹਾਰਿਆ ਬੋਲੋ) (੩੯੮-੩, ਆਸਾ, ਮਃ ੫)

As it pleases Your Will, please save me, O Savior Almighty.

ਤੁਝ ਬਿਨੁ ਅਵਰੁ ਨ ਕੋਇ ; ਨਦਰਿ ਨਿਹਾਰਿਆ ॥੧॥ ਰਹਾਉ ॥ (੩੯੮-੪, ਆਸਾ, ਮਃ ੫)

Without You, my eyes see no other at all. ||1||Pause||

ਪ੍ਰਤਿਪਾਲੇ ਪ੍ਰਭੁ ਆਪਿ ; ਘਟਿ ਘਟਿ ਸਾਰੀਐ ॥ (੩੯੮-੪, ਆਸਾ, ਮਃ ੫)

Almighty Himself is the Cherisher; He takes care of each and every heart.

ਜਿਸੁ ਮਨਿ ਵੁਠਾ ਆਪਿ ; ਤਿਸੁ ਨ ਵਿਸਾਰੀਐ ॥੨॥ (੩੯੮-੫, ਆਸਾ, ਮਃ ੫)

That person, within whose mind You Yourself dwell, never forgets You. ||2||

ਜੋ ਕਿਛੁ ਕਰੇ ਸੁ ਆਪਿ ; ਆਪਣ ਭਾਣਿਆ ॥ (੩੯੮-੫, ਆਸਾ, ਮਃ ੫)

He does that which is pleasing to Himself.

ਭਗਤਾ ਕਾ ਸਹਾਈ ; ਜੁਗਿ ਜੁਗਿ ਜਾਣਿਆ ॥੩॥ (੩੯੮-੬, ਆਸਾ, ਮਃ ੫)

He is known as the help and support of His devotees, throughout the ages. ||3||

ਜਪਿ ਜਪਿ ਹਰਿ ਕਾ ਨਾਮੁ ; ਕਦੇ ਨ ਝੂਰੀਐ ॥ (੩੯੮-੬, ਆਸਾ, ਮਃ ੫)

By reciting Almighty's Name with speech and concentration within the mind, the mortal never comes to regret anything.

ਨਾਨਕ ਦਰਸ ਪਿਆਸ ; ਲੋਚਾ ਪੂਰੀਐ ॥੪॥੭॥੧੦੯॥ (੩੯੮-੭, ਆਸਾ, ਮਃ ੫)

Guru Nanak says, I thirst for the Blessed Vision of Your Sight (Darshan); please, fulfill my desire, O Almighty. ||4||7||109||

ਆਸਾ , ਮਹਲਾ ੫ ॥ (੩੯੮-੭)

Aasaa, Fifth Mahla:

ਕਿਆ ਸੋਵਹਿ ਨਾਮੁ ਵਿਸਾਰਿ ; ਗਾਫਲ ਗਹਿਲਿਆ ॥ (੩੯੮-੭, ਆਸਾ, ਮਃ ੫)

Why are you sleeping in ignorance, and forgetting the Almighty's Name, O careless and foolish mortal?

ਕਿਤੀ ਇਤੁ ਦਰੀਆਇ ; ਵੰਞਨਿ੍ ਵਹਦਿਆ ॥੧॥ (੩੯੮-੮, ਆਸਾ, ਮਃ ੫)

So many have been washed away and carried off by this river of life. ||1||

ਬੋਹਿਥੜਾ ਹਰਿ ਚਰਣ ; ਮਨ ਚੜਿ ਲੰਘੀਐ ॥ (੩੯੮-੮, ਆਸਾ, ਮਃ ੫)

O mortal, let you mind get aboard the boat of Almighty's Lotus Feet, and cross over worldly ocean.

ਆਠ ਪਹਰ ਗੁਣ ਗਾਇ ; ਸਾਧੂ ਸੰਗੀਐ ॥੧॥ ਰਹਾਉ ॥ (੩੯੮-੯, ਆਸਾ, ਮਃ ੫)

Twenty-four hours a day, sing the Glorious Praises of Almighty, in the company of holy. ||1||Pause||

ਭੋਗਹਿ ਭੋਗ ਅਨੇਕ ; ਵਿਣੁ ਨਾਵੈ ਸੁੰਞਿਆ ॥ (੩੯੮-੯, ਆਸਾ, ਮਃ ੫)

You may enjoy various pleasures, but they are useless without Almighty's Name.

ਹਰਿ ਕੀ ਭਗਤਿ ਬਿਨਾ ; ਮਰਿ ਮਰਿ ਰੁੰਨਿਆ ॥੨॥ (੩੯੮-੧੦, ਆਸਾ, ਮਃ ੫)

Without Almighty's meditation, you shall die in sorrow, again and again. ||2||

ਕਪੜ ਭੋਗ ਸੁਗੰਧ ; ਤਨਿ ਮਰਦਨ ਮਾਲਣਾ ॥ (੩੯੮-੧੦, ਆਸਾ, ਮਃ ੫)

You may dress, eat and apply scented oils to your body,

ਬਿਨੁ ਸਿਮਰਨ ਤਨੁ ਛਾਰੁ ; ਸਰਪਰ ਚਾਲਣਾ ॥੩॥ (੩੯੮-੧੦, ਆਸਾ, ਮਃ ੫)

but without the remembrance of Almighty, your body shall surely turn to dust, and you shall have to depart. ||3||

ਮਹਾ ਬਿਖਮੁ ਸੰਸਾਰੁ ; ਵਿਰਲੈ ਪੇਖਿਆ ॥ (੩੯੮-੧੧, ਆਸਾ, ਮਃ ੫)

This worldly ocean is very treacherous, however very few have realize this fact.

ਛੂਟਨੁ ਹਰਿ ਕੀ ਸਰਣਿ ; ਲੇਖੁ ਨਾਨਕ ਲੇਖਿਆ ॥੪॥੮॥੧੧੦॥ (੩੯੮-੧੧, ਆਸਾ, ਮਃ ੫)

Salvation rests in Almighty's Sanctuary; Guru Nanak says, this is your pre-ordained destiny. ||4||8||110||

ਆਸਾ , ਮਹਲਾ ੫ ॥ (੩੯੮-੧੨)

Aasaa, Fifth Mahla:

ਕੋਇ ਨ ਕਿਸ ਹੀ ਸੰਗਿ ; ਕਾਹੇ ਗਰਬੀਐ ॥ (੩੯੮-੧੨, ਆਸਾ, ਮਃ ੫)

No one is anyone's companion; why take any pride in others?

ਏਕੁ ਨਾਮੁ ਆਧਾਰੁ ; ਭਉਜਲੁ ਤਰਬੀਐ ॥੧॥ (੩੯੮-੧੨, ਆਸਾ, ਮਃ ੫)

With the Support of the One Name, this dreadful worldly ocean is crossed over. ||1||

ਮੈ ਗਰੀਬ , ਸਚੁ ਟੇਕ ਤੂੰ ; ਮੇਰੇ ਸਤਿਗੁਰ ਪੂਰੇ ॥ (੩੯੮-੧੩, ਆਸਾ, ਮਃ ੫)

I am poor by wealth and knowledge; You are the only True Support that I have , O my Perfect True Guru.

ਦੇਖਿ ਤੁਮ੍ਾਰਾ ਦਰਸਨੋ ; ਮੇਰਾ ਮਨੁ ਧੀਰੇ ॥੧॥ ਰਹਾਉ ॥ (੩੯੮-੧੩, ਆਸਾ, ਮਃ ੫)

Gazing upon the Blessed Vision of Your Sight (Darshan), my mind is encouraged. ||1||Pause||

ਰਾਜੁ ਮਾਲੁ ਜੰਜਾਲੁ ; ਕਾਜਿ ਨ ਕਿਤੈ ਗਨੋੁ ॥ (੩੯੮-੧੪, ਆਸਾ, ਮਃ ੫)

Royal powers, wealth, and worldly involvements are of no use at all.

ਹਰਿ ਕੀਰਤਨੁ ਆਧਾਰੁ ; ਨਿਹਚਲੁ ਏਹੁ ਧਨੋੁ ॥੨॥ (ਨਿਹ-ਚਲੁ ਬੋਲੋ) (੩੯੮-੧੪, ਆਸਾ, ਮਃ ੫)

The hymn of Almighty's Praises is my Support; this wealth is everlasting. ||2||

ਜੇਤੇ ਮਾਇਆ ਰੰਗ ; ਤੇਤ ਪਛਾਵਿਆ ॥ (੩੯੮-੧੫, ਆਸਾ, ਮਃ ੫)

As many as are the pleasures of Maya, so many are the shadows they leave means that although Maya is an illusion but it leaves a great effect on the human minds.

ਸੁਖ ਕਾ ਨਾਮੁ ਨਿਧਾਨੁ ; ਗੁਰਮੁਖਿ ਗਾਵਿਆ ॥੩॥ (੩੯੮-੧੫, ਆਸਾ, ਮਃ ੫)

A Gurmukh (Guru-oriented) sings Almighty’s Name (Naam), the treasure of peace. ||3||

ਸਚਾ ਗੁਣੀ ਨਿਧਾਨੁ ਤੂੰ ; ਪ੍ਰਭ ਗਹਿਰ ਗੰਭੀਰੇ ॥ (੩੯੮-੧੫, ਆਸਾ, ਮਃ ੫)

You are the True Almighty, the treasure of excellence; O Almighty, You are beyond reach and unfathomable.

ਆਸ ਭਰੋਸਾ ਖਸਮ ਕਾ ; ਨਾਨਕ ਕੇ ਜੀਅਰੇ ॥੪॥੯॥੧੧੧॥ (੩੯੮-੧੬, ਆਸਾ, ਮਃ ੫)

The Almighty Master is the hope and support of Guru Nanak's mind. ||4||9||111||

ਆਸਾ , ਮਹਲਾ ੫ ॥ (੩੯੮-੧੬)

Aasaa, Fifth Mahla:

ਜਿਸੁ ਸਿਮਰਤ ਦੁਖੁ ਜਾਇ ; ਸਹਜ ਸੁਖੁ ਪਾਈਐ ॥ (੩੯੮-੧੬, ਆਸਾ, ਮਃ ੫)

Remembering Him, suffering is removed, and peace is obtained in state of enlightment.

ਰੈਣਿ ਦਿਨਸੁ ਕਰ ਜੋੜਿ ; ਹਰਿ ਹਰਿ ਧਿਆਈਐ ॥੧॥ (੩੯੮-੧੭, ਆਸਾ, ਮਃ ੫)

Night and day, with your palms together, concentrate on Almighty with mind and body. ||1||

ਨਾਨਕ ਕਾ ਪ੍ਰਭੁ ਸੋਇ ; ਜਿਸ ਕਾ ਸਭੁ ਕੋਇ ॥ (੩੯੮-੧੭, ਆਸਾ, ਮਃ ੫)

He alone is Guru Nanak's Almighty, unto whom all beings belong.

ਸਰਬ ਰਹਿਆ ਭਰਪੂਰਿ ; ਸਚਾ ਸਚੁ ਸੋਇ ॥੧॥ ਰਹਾਉ ॥ (੩੯੮-੧੮, ਆਸਾ, ਮਃ ੫)

He is totally pervading everywhere, the Truest of the True. ||1||Pause||

ਅੰਤਰਿ ਬਾਹਰਿ ਸੰਗਿ ; ਸਹਾਈ ਗਿਆਨ ਜੋਗੁ ॥ (੩੯੮-੧੮, ਆਸਾ, ਮਃ ੫)

Inwardly and outwardly, He is my companion and my helper; He is the One to be realized.

ਤਿਸਹਿ ਅਰਾਧਿ ਮਨਾ ; ਬਿਨਾਸੈ ਸਗਲ ਰੋਗੁ ॥੨॥ (੩੯੮-੧੯, ਆਸਾ, ਮਃ ੫)

Adoring Him, my mind is cured of all its ailments. ||2||

ਰਾਖਨਹਾਰੁ ਅਪਾਰੁ ; ਰਾਖੈ ਅਗਨਿ ਮਾਹਿ ॥ (ਰਾਖਨ-ਹਾਰੁ ਬੋਲੋ) (੩੯੮-੧੯, ਆਸਾ, ਮਃ ੫)

The Savior Almighty is infinite; He saves us from the fire of the womb.

ਸੀਤਲੁ ਹਰਿ ਹਰਿ ਨਾਮੁ ; ਸਿਮਰਤ , ਤਪਤਿ ਜਾਇ ॥੩॥ (੩੯੯-੧, ਆਸਾ, ਮਃ ੫)

The Almighty's Name is soothing to the mind and body, by remembering Him the inner fire of thirst for worldly materials is quenched. ||3||

ਸੂਖ ਸਹਜ ਆਨੰਦ ਘਣਾ ; ਨਾਨਕ ਜਨ ਧੂਰਾ ॥ (੩੯੯-੧, ਆਸਾ, ਮਃ ੫)

Peace, poise, and immense bliss, Guru Nanak says, are obtained, when one becomes the dust of the feet of the humble servants of Almighty.

ਕਾਰਜ ਸਗਲੇ ਸਿਧਿ ਭਏ ; ਭੇਟਿਆ ਗੁਰੁ ਪੂਰਾ ॥੪॥੧੦॥੧੧੨॥ (੩੯੯-੨, ਆਸਾ, ਮਃ ੫)

All of one's affairs are perfectly resolved, meeting with the Perfect Guru. ||4||10||112||

ਆਸਾ , ਮਹਲਾ ੫ ॥ (੩੯੯-੨)

Aasaa, Fifth Mahla:

ਗੋਬਿੰਦੁ ਗੁਣੀ ਨਿਧਾਨੁ ; ਗੁਰਮੁਖਿ ਜਾਣੀਐ ॥ (੩੯੯-੨, ਆਸਾ, ਮਃ ੫)

Master of the Universe is the treasure of virtues, He is known only to Gurmukh (Guru-oriented).

ਹੋਇ ਕ੍ਰਿਪਾਲੁ ਦਇਆਲੁ ; ਹਰਿ ਰੰਗੁ ਮਾਣੀਐ ॥੧॥ (੩੯੯-੩, ਆਸਾ, ਮਃ ੫)

When He shows His Mercy and Kindness, we enjoy Almighty's Love. ||1||

ਆਵਹੁ ਸੰਤ ਮਿਲਾਹ ; ਹਰਿ ਕਥਾ ਕਹਾਣੀਆ ॥ (੩੯੯-੩, ਆਸਾ, ਮਃ ੫)

Come, O Saints, let us join together and listen to Almighty's discourses.

ਅਨਦਿਨੁ ਸਿਮਰਹ ਨਾਮੁ ; ਤਜਿ ਲਾਜ ਲੋਕਾਣੀਆ ॥੧॥ ਰਹਾਉ ॥ (੩੯੯-੪, ਆਸਾ, ਮਃ ੫)

Night and day, remember Almighty's Name (Naam), and ignore the criticism of others. ||1||Pause||

ਜਪਿ ਜਪਿ ਜੀਵਾ ਨਾਮੁ ; ਹੋਵੈ ਅਨਦੁ ਘਣਾ ॥ (੩੯੯-੪, ਆਸਾ, ਮਃ ੫)

I live by chanting and meditating on Almighty's Name (Naam), and so I obtain immense bliss.

ਮਿਥਿਆ ਮੋਹੁ ਸੰਸਾਰੁ ; ਝੂਠਾ ਵਿਣਸਣਾ ॥੨॥ (ਵਿਣਸ-ਣਾ ਬੋਲੋ) (੩੯੯-੫, ਆਸਾ, ਮਃ ੫)

Attachment to the world is useless and vain; it is false, and perishes in the end. ||2||

ਚਰਣ ਕਮਲ ਸੰਗਿ ਨੇਹੁ ; ਕਿਨੈ ਵਿਰਲੈ ਲਾਇਆ ॥ (੩੯੯-੫, ਆਸਾ, ਮਃ ੫)

Rare are those who embrace love for Almighty's Lotus Feet.

ਧੰਨੁ ਸੁਹਾਵਾ ਮੁਖੁ ; ਜਿਨਿ ਹਰਿ ਧਿਆਇਆ ॥੩॥ (੩੯੯-੬, ਆਸਾ, ਮਃ ੫)

Great (blessed) and beautiful is that mouth, which meditates on Almighty. ||3||

ਜਨਮ ਮਰਣ ਦੁਖ ਕਾਲ ; ਸਿਮਰਤ , ਮਿਟਿ ਜਾਵਈ ॥ (੩੯੯-੬, ਆਸਾ, ਮਃ ੫)

The pains of birth, death and reincarnation are erased by remembering Almighty.

ਨਾਨਕ ਕੈ ਸੁਖੁ ਸੋਇ ; ਜੋ ਪ੍ਰਭ ਭਾਵਈ ॥੪॥੧੧॥੧੧੩॥ (੩੯੯-੬, ਆਸਾ, ਮਃ ੫)

That alone is Guru Nanak's joy, which is pleasing to Almighty. ||4||11||113||

ਆਸਾ , ਮਹਲਾ ੫ ॥ (੩੯੯-੭)

Aasaa, Fifth Mahla:

ਆਵਹੁ ਮੀਤ ਇਕਤ੍ਰ ਹੋਇ ; ਰਸ ਕਸ ਸਭਿ ਭੁੰਚਹ ॥ (੩੯੯-੭, ਆਸਾ, ਮਃ ੫)

Come, O friends: let us meet together and enjoy all the tastes and flavors.

ਅੰਮ੍ਰਿਤ ਨਾਮੁ ਹਰਿ ਹਰਿ ਜਪਹ ; ਮਿਲਿ ਪਾਪਾ ਮੁੰਚਹ ॥੧॥ (੩੯੯-੮, ਆਸਾ, ਮਃ ੫)

Let us join together and chant the Ambrosial Name of Almighty, and so wipe away our sins. ||1||

ਤਤੁ ਵੀਚਾਰਹੁ ਸੰਤ ਜਨਹੁ ; ਤਾ ਤੇ ਬਿਘਨੁ ਨ ਲਾਗੈ ॥ (੩੯੯-੮, ਆਸਾ, ਮਃ ੫)

Contemplate on the essence of reality, O Saints, and no troubles shall afflict you.

ਖੀਨ ਭਏ ਸਭਿ ਤਸਕਰਾ ; ਗੁਰਮੁਖਿ ਜਨੁ ਜਾਗੈ ॥੧॥ ਰਹਾਉ ॥ (੩੯੯-੯, ਆਸਾ, ਮਃ ੫)

All of the thieves (evil desires) are destroyed, as Gurmukh (Guru-oriented) remain wakeful in state of knowledge. ||1||Pause||

ਬੁਧਿ ਗਰੀਬੀ ਖਰਚੁ ਲੈਹੁ ; ਹਉਮੈ ਬਿਖੁ ਜਾਰਹੁ ॥ (੩੯੯-੯, ਆਸਾ, ਮਃ ੫)

Take wisdom and humility as your supplies, and burn away the poison of pride.

ਸਾਚਾ ਹਟੁ , ਪੂਰਾ ਸਉਦਾ ; ਵਖਰੁ ਨਾਮੁ ਵਾਪਾਰਹੁ ॥੨॥ (੩੯੯-੧੦, ਆਸਾ, ਮਃ ੫)

True is that shop, and perfect the transaction; deal only in the merchandise of Almighty’s Name (Naam). ||2||

ਜੀਉ ਪਿੰਡੁ ਧਨੁ ਅਰਪਿਆ ; ਸੇਈ ਪਤਿਵੰਤੇ ॥ (੩੯੯-੧੦, ਆਸਾ, ਮਃ ੫)

They alone are accepted and approved, who dedicate their souls, bodies and wealth.

ਆਪਨੜੇ ਪ੍ਰਭ ਭਾਣਿਆ ; ਨਿਤ ਕੇਲ ਕਰੰਤੇ ॥੩॥ (੩੯੯-੧੧, ਆਸਾ, ਮਃ ੫)

Those who are pleasing to their Almighty, celebrate in happiness. ||3||

ਦੁਰਮਤਿ ਮਦੁ , ਜੋ ਪੀਵਤੇ ; ਬਿਖਲੀਪਤਿ ਕਮਲੀ ॥ (ਬਿਖਲੀ-ਪਤਿ ਬੋਲੋ) (੩੯੯-੧੧, ਆਸਾ, ਮਃ ੫)

Those fools, who drink in the wine of evil-mindedness, become the husbands of prostitutes.

ਰਾਮ ਰਸਾਇਣਿ ਜੋ ਰਤੇ ; (ਰੱਤੇ ਬੋਲੋ)
ਨਾਨਕ ਸਚ ਅਮਲੀ ॥੪॥੧੨॥੧੧੪॥ (੩੯੯-੧੧, ਆਸਾ, ਮਃ ੫)

But those who are imbued with the sublime essence of Almighty, Guru Nanak says, are intoxicated with the Truth. ||4||12||114||

ਆਸਾ , ਮਹਲਾ ੫ ॥ (੩੯੯-੧੨)

Aasaa, Fifth Mahla:

ਉਦਮੁ ਕੀਆ ਕਰਾਇਆ ; ਆਰੰਭੁ ਰਚਾਇਆ ॥ (੩੯੯-੧੨, ਆਸਾ, ਮਃ ੫)

I made the effort; I did it, and made a beginning.

ਨਾਮੁ ਜਪੇ ਜਪਿ ਜੀਵਣਾ ; ਗੁਰਿ ਮੰਤ੍ਰੁ ਦ੍ਰਿੜਾਇਆ ॥੧॥ (੩੯੯-੧੩, ਆਸਾ, ਮਃ ੫)

I live by chanting and meditating on Almighty's Name (Naam). The Guru has implanted this Mantra within me. ||1||

ਪਾਇ ਪਰਹ ਸਤਿਗੁਰੂ ਕੈ ; ਜਿਨਿ ਭਰਮੁ ਬਿਦਾਰਿਆ ॥ (ਪਾਂਇ ਬੋਲੋ) (੩੯੯-੧੩, ਆਸਾ, ਮਃ ੫)

I fall at the Feet of the True Guru, who has dispelled my doubts.

ਕਰਿ ਕਿਰਪਾ ਪ੍ਰਭਿ ਆਪਣੀ ; ਸਚੁ ਸਾਜਿ ਸਵਾਰਿਆ ॥੧॥ਰਹਾਉ॥(੩੯੯-੧੪, ਆਸਾ, ਮਃ ੫)

Bestowing His Mercy, Almighty has dressed me, and decorated me with the Truth. ||1||Pause||

ਕਰੁ ਗਹਿ ਲੀਨੇ ਆਪਣੇ ; ਸਚੁ ਹੁਕਮਿ ਰਜਾਈ ॥ (੩੯੯-੧੪, ਆਸਾ, ਮਃ ੫)

Taking me by the hand, He made me His own, through the True Order of His Command.

ਜੋ ਪ੍ਰਭਿ ਦਿਤੀ ਦਾਤਿ ; ਸਾ ਪੂਰਨ ਵਡਿਆਈ ॥੨॥ (੩੯੯-੧੫, ਆਸਾ, ਮਃ ੫)

That gift which Almighty gave to me, is perfectly praiseful. ||2||

ਸਦਾ ਸਦਾ ਗੁਣ ਗਾਈਅਹਿ ; ਜਪਿ ਨਾਮੁ ਮੁਰਾਰੀ ॥ (੩੯੯-੧੫, ਆਸਾ, ਮਃ ੫)

Forever and ever, sing the Glorious Praises of Almighty, and recite the Name of the Destroyer of ego.

ਨੇਮੁ ਨਿਬਾਹਿਓ ਸਤਿਗੁਰੂ ; ਪ੍ਰਭਿ ਕਿਰਪਾ ਧਾਰੀ ॥੩॥ (੩੯੯-੧੬, ਆਸਾ, ਮਃ ੫)

My vows have been honored, by the Grace of Almighty and the True Guru, who has showered His Mercy. ||3||

ਨਾਮੁ ਧਨੁ ਗੁਣ ਗਾਉ ; ਲਾਭੁ , ਪੂਰੈ ਗੁਰਿ ਦਿਤਾ ॥ (੩੯੯-੧੬, ਆਸਾ, ਮਃ ੫)

The Perfect Guru has given the wealth of Almighty's Name (Naam), and the profit of singing Almighty's Glorious Praises.

ਵਣਜਾਰੇ ਸੰਤ ਨਾਨਕਾ ; ਪ੍ਰਭੁ ਸਾਹੁ ਅਮਿਤਾ ॥੪॥੧੩॥੧੧੫॥ (੩੯੯-੧੭, ਆਸਾ, ਮਃ ੫)

The Saints are the traders, Guru Nanak says, and the Infinite Creator Almighty is their Banker. ||4||13||115||

ਆਸਾ , ਮਹਲਾ ੫ ॥ (੩੯੯-੧੭)

Aasaa, Fifth Mahla:

ਜਾ ਕਾ ਠਾਕੁਰੁ ਤੁਹੀ ਪ੍ਰਭ ; ਤਾ ਕੇ ਵਡਭਾਗਾ ॥ (੩੯੯-੧੭, ਆਸਾ, ਮਃ ੫)

One who has You as His Master, O Almighty, is blessed with great destiny.

ਓਹੁ ਸੁਹੇਲਾ ਸਦ ਸੁਖੀ ; ਸਭੁ ਭ੍ਰਮੁ ਭਉ ਭਾਗਾ ॥੧॥ (੩੯੯-੧੮, ਆਸਾ, ਮਃ ੫)

He is happy, and forever at peace; his doubts and fears are all dispelled. ||1||

ਹਮ ਚਾਕਰ ਗੋਬਿੰਦ ਕੇ ; ਠਾਕੁਰੁ ਮੇਰਾ ਭਾਰਾ ॥ (੩੯੯-੧੮, ਆਸਾ, ਮਃ ੫)

I am the slave of Lord of the Universe; my Master is the greatest of all.

ਕਰਨ ਕਰਾਵਨ ਸਗਲ ਬਿਧਿ ;
ਸੋ ਸਤਿਗੁਰੂ ਹਮਾਰਾ ॥੧॥ ਰਹਾਉ॥(੩੯੯-੧੯, ਆਸਾ, ਮਃ ੫)

He is the Creator, the Cause of causes; He is my True Guru. ||1||Pause||

ਦੂਜਾ ਨਾਹੀ ਅਉਰੁ ਕੋ ; ਤਾ , ਕਾ ਭਉ ਕਰੀਐ ॥ (੩੯੯-੧੯, ਆਸਾ, ਮਃ ੫)

There is no other whom I should fear.

ਗੁਰ ਸੇਵਾ ਮਹਲੁ ਪਾਈਐ ; ਜਗੁ ਦੁਤਰੁ ਤਰੀਐ ॥੨॥ (੪੦੦-੧, ਆਸਾ, ਮਃ ੫)

Serving the Guru, the Mansion of Almighty's Presence is obtained, and the impassable worldly ocean is crossed over. ||2||

ਦ੍ਰਿਸਟਿ ਤੇਰੀ ਸੁਖੁ ਪਾਈਐ ; ਮਨ ਮਾਹਿ ਨਿਧਾਨਾ ॥ (੪੦੦-੧, ਆਸਾ, ਮਃ ੫)

By Your Glance of Grace, peace is obtained, and the treasure fills the mind.

ਜਾ ਕਉ ਤੁਮ ਕਿਰਪਾਲ ਭਏ ; ਸੇਵਕ ਸੇ ਪਰਵਾਨਾ ॥੩॥ (੪੦੦-੨, ਆਸਾ, ਮਃ ੫)

That servant, unto whom You bestow Your Mercy, is approved and accepted. ||3||

ਅੰਮ੍ਰਿਤ ਰਸੁ ਹਰਿ ਕੀਰਤਨੋ ; ਕੋ ਵਿਰਲਾ ਪੀਵੈ ॥ (੪੦੦-੨, ਆਸਾ, ਮਃ ੫)

Rare are those who drinks in the Ambrosial Essence of Almighty's Praises.

ਵਜਹੁ ਨਾਨਕ ਮਿਲੈ ਏਕੁ ਨਾਮੁ ;
ਰਿਦ ਜਪਿ ਜਪਿ ਜੀਵੈ ॥੪॥੧੪॥੧੧੬॥ (੪੦੦-੨, ਆਸਾ, ਮਃ ੫)

Guru Nanak has obtained the commodity of the One Name; he lives by chanting and meditating on it within his heart. ||4||14||116||